© IJCIRAS | ISSN (O) - 2581-5334
July 2019 | Vol. 2 Issue. 2

# ਜ਼ਿੰਦਗੀ ਦੇ ਯਥਾਰਥ ਦੀ ਪੇਸ਼ਕਾਰੀ- ਕਥਾ ਇਸ ਯੁੱਗ ਦੀ

**Dr. Priya Goyal**
*Akal Degree College, Mastuana, Sangru (punjab)*

ਬਲਬੀਰ ਪਰਵਾਨਾ ਅੱਜ ਦੇ ਸਮੇਂ ਵਿੱਚ ਪੜ੍ਹਿਆ ਜਾਣ ਵਾਲਾ ਪ੍ਰਸਿੱਧ ਨਾਵਲਕਾਰ ਹੈ। ਲੇਖਕ ਨੇ ਨਿੱਕੇ-ਨਿੱਕੇ ਯੁੱਧ (2008), ਆਪਣੇ-ਆਪਣੇ ਮੋਰਚੇ (2009) ਗਹਿਰ ਚੜ੍ਹੀ ਅਸਮਾਨ (2010) ਅਤੇ ਕਥਾ ਇਸ ਯੁੱਗ ਦੀ (2011) ਆਦਿ ਨਾਵਲਾਂ ਦੀ ਰਚਨਾ ਕੀਤੀ। ਉਪਰੋਕਤ ਚਾਰ ਨਾਵਲਾਂ ਨੂੰ ਇਕੱਠੇ ਕਰਕੇ ਵੱਡ-ਆਕਾਰੀ ਨਾਵਲ 'ਬਹੁਤ ਸਾਰੇ ਚੁਰੱਸਤੇ'(2014) ਵਿੱਚ ਪ੍ਰਕਾਸ਼ਿਤ ਹੋਇਆ। ' ਕਥਾ ਇਸ ਯੁੱਗ ਦੀ' ਨਾਵਲ ਦਾ ਕੇਂਦਰੀ ਪਾਤਰ ਜਗਵਿੰਦਰ ਹੈ ਜਿਸ ਦੇ ਜੀਵਨ ਨੂੰ ਉੱਪਰੋਕਤ ਤਿੰਨਾਂ ਨਾਵਲਾਂ ਵਿਚ ਪੇਸ਼ ਕੀਤਾ ਗਿਆ ਹੈ। ਵਿਚਾਰ ਅਧੀਨ ਨਾਵਲ ਜਗਵਿੰਦਰ ਦੀ ਜ਼ਿੰਦਗੀ ਦੇ ਆਖਰੀ ਪੜ੍ਹਾਅ ਨਾਲ ਸੰਬੰਧਿਤ ਹੈ। ਇਹ ਨਾਵਲ ਮੰਡੀ ਦੇ ਵਰਤਾਰੇ ਤੋਂ ਕੁਦਰਤ ਵੱਲ ਵਾਪਸੀ ਤੱਕ ਦਾ ਸਫਰ ਹੈ।

ਹਥਲੇ ਨਾਵਲ ਦਾ ਕੇਂਦਰ ਬਿੰਦੂ ਸਮਾਜ ਵਿੱਚ ਪੂੰਜੀ ਦਾ ਵਰਤਾਰਾ ਹੈ ਜੋ ਅਜੌਕੇ ਮਨੁੱਖ ਨੂੰ ਘੜ ਰਿਹਾ, ਉਸ ਦੀ ਜੀਵਨ ਜਾਚ ਨੂੰ ਘੜ ਰਿਹਾ, ਹਰ ਮਨੁੱਖ ਇਸ ਵਰਤਾਰੇ ਦੀਆਂ ਸੁੱਖ-ਸਹੂਲਤਾਂ ਨੂੰ ਮਾਨਣਾ ਚਾਹੁੰਦਾ, ਕੋਈ ਵੀ ਪਿੱਛੇ ਮੁੜ ਕੇ ਨਹੀਂ ਦੇਖਣਾ ਚਾਹੁੰਦਾ। ਅਜਿਹੇ ਵਰਤਾਰੇ ਅਧੀਨ ਅਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਦਾ ਸ਼ੋਸ਼ਣ ਹੁੰਦਾ ਹੈ। ਵਿਸ਼ਵੀ ਵਰਤਾਰੇ ਦੀ ਚਾਲ ਨੇ ਹੱਦ ਤੱਕ ਪ੍ਰਭਾਵਿਤ ਕੀਤਾ ਹੈ ਕਿ ਅਜੋਕਾ ਮਨੁੱਖ ਮੀਡੀਆ ਤੋਂ ਸੇਧ ਲੈ ਰਿਹਾ। ਵਿਗਿਆਪਨੀ ਇਸ਼ਤਿਹਾਰ ਬੰਦੇ ਦੇ ਦਿਮਾਗ ਵਿੱਚ ਇਹ ਗੱਲ ਬਿਠਾ ਦਿੰਦੇ ਹਨ ਕਿ ਜੇਕਰ ਐਡ ਕੀਤੀ ਜਾ ਰਹੀ ਵਸਤੂ ਤੁਹਾਡੇ ਕੋਲ ਨਹੀਂ ਹੈ ਤਾਂ ਤੁਸੀਂ ਅਧੂਰੇ ਹੋ। ਵਿਸ਼ਵੀ ਸਭਿਆਚਾਰ ਦੀ ਦਲਦਲ ਵਿੱਚ ਫਸਿਆ ਹੋਇਆ ਮਨੁੱਖ ਆਪਣੀ ਜ਼ਿੰਦਗੀ ਨੂੰ ਤਬਾਹੀ ਦੇ ਨੇੜੇ ਲਿਜਾ ਰਿਹਾ ਹੈ। ਕਿਉਂਕਿ ਅਜੋਕੇ ਮਨੁੱਖ ਦੀ ਜ਼ਿਦੰਗੀ ਵਿੱਚ ਪੈਸਾ ਭਾਰੂ ਹੋ ਗਿਆ ਹੈ। ਅੱਜ ਦੇ ਸਮੇਂ ਵਿੱਚ ਵਿਕਾਸ ਨੂੰ ਇਸ ਗਲ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਕਿ ਕਿੰਨੇ ਉਦਯੋਗ ਵਧੇ, ਕਿੰਨੀਆਂ ਸਹੂਲਤਾਂ ਵਧੀਆਂ। ਪਰ ਇਹ ਨਹੀਂ ਦੇਖਦੇ ਕਿ ਇਹ ਵਿਕਾਸ ਸੱਚਮੁੱਚ ਹੀ ਵਿਕਾਸ ਹੈ ਜਾਂ ਸਿਰਫ ਵਿਕਾਸ ਦਾ ਭਰਮ ਸਿਰਜਦਾ ਹੈ ਅਤੇ ਇਸ ਨਾਲ ਆਮ ਲੋਕਾਂ ਨੂੰ ਕੀ ਫਾਇਦਾ ਪਹੁੰਚਿਆ।ਜਦ ਕਿ ਸੱਚਾਈ ਇਹ ਹੈ ਕਿ ਇਸ ਪੂੰਜੀ ਮੁਖੀ ਵਿਕਾਸ ਨੇ ਸਾਡੇ ਰਹਿਣ-ਸਹਿਣ, ਕਦਰਾਂ-ਕੀਮਤਾਂ ਅਤੇ ਸਥਾਨਕ ਜੀਵਨ –ਜਾਚਾਂ ਨੂੰ ਇਸ ਹੱਦ ਤੱਕ ਪ੍ਰਭਾਵਿਤ ਕੀਤਾ ਹੈ ਕਿ ਮਨੁੱਖ ਇਹਨਾਂ ਨਾਲੋਂ ਪੈਸੇ ਨੂੰ ਜਿਆਦਾ ਮਹੱਤਵ ਦੇਣ ਲੱਗ ਗਿਆ ਹੈ ।

ਅਜਿਹੇ ਵਰਤਾਰੇ ਅਧੀਨ ਪੱਤਰਕਾਰੀ ਦੇ ਖੇਤਰ ਵਿੱਚ ਆਏ ਨਿਘਾਰ ਨੂੰ ਨਾਵਲਕਾਰ ਨੇ ਪਰਮਪਾਲ ਦੁਆਰਾ ਪੇਸ਼ ਕੀਤਾ ਹੈ। ਉਹ ਪੱਤਰਕਾਰ ਵਜੋਂ ਨੌਕਰੀ ਕਰਨ ਦੇ ਨਾਲ –ਨਾਲ ਦੋ ਨੰਬਰ ਦੇ ਪੈਸੇ ਵੀ ਕਮਾਉਂਦਾ ਹੈ। ਰਾਜਨੀਤਿਕ ਪਾਰਟੀਆਂ ਅਤੇ ਵਪਾਰਕ ਸੰਸਥਾਵਾਂ ਦੇ ਸਪਲੀਮੈਂਟ ਛਪਵਾ ਕੇ ਪੈਸੇ ਲੈਂਦਾ ਤੇ ਵੱਦ ਤੋਂ ਵੱਧ ਮੁਨਾਫਾ ਕਮਾਉਂਦਾ ਹੈ। ਪੱਤਰਕਾਰਤਾ ਦੇ ਸਾਹਮਣੇ ਜੋ

ਮਿਸ਼ਨ ਸੀ, ਉਸ ਤੋਂ ਦੂਰ ਹੋ ਕੇ ਅੱਜ ਇਹ ਪੂਰੀ ਤਰ੍ਹਾਂ 'ਪ੍ਰਾਡਕਟ' ਵਿੱਚ ਬਦਲ ਗਈ ਹੈ। " ਇਹ ਹੀ ਉਹ ਦੌਰ ਵੀ ਸੀ ਜਦੋਂ ਅਖ਼ਬਾਰ ਦੀਆਂ ਪੁਰਾਣੀਆਂ ਪਰੰਪਰਾਵਾਂ, ਅਸੂਲ ਇਕ ਲਾਂਭੇ ਕਰਕੇ ਸਿਰਫ਼ ਤੇ ਸਿਰਫ਼ ਪੈਸੇ 'ਕੱਠੇ ਕਰਨੇ ਮੁੱਖ ਮੰਤਵ ਬਣ ਗਿਆ। ਖ਼ਬਰਾਂ ਦੀ ਬਜਾਏ ਇਸ਼ਤਿਹਾਰਾਂ 'ਤੇ ਜ਼ੋਰ, ਸਮਾਜਕ ਸਮੱਸਿਆਵਾਂ ਉਭਾਰਨ ਦੀ ਬਜਾਇ ਬਹੁਕੌਮੀ ਕੰਪਨੀਆਂ ਨੂੰ ਉਭਾਰਨਾ, ਸਪਲੀਮੈਂਟਾਂ 'ਤੇ ਜ਼ੋਰ। ਪੱਤਰਕਾਰ ਰੱਖਣ ਲੱਗਿਆ ਇਹ ਨਾ ਦੇਖਿਆ ਜਾਣਾ ਕਿ ਉਸਨੂੰ ਕੋਈ ਸ਼ਬਦ ਲਿਖਣਾ ਵੀ ਆਉਂਦਾ ਹੈ ਕਿ ਨਹੀਂ ਜਾਂ ਸਮਾਜ ਬਾਰੇ ਕੋਈ ਸਮਝ ਵੀ ਹੈ, ਸਗੋਂ ਇਹ ਦੇਖਿਆ ਜਾਣਾ ਕਿ ਉਸ ਦੀ ਇਸ਼ਤਿਹਾਰ 'ਕੱਠੇ ਕਰਨ ਦੀ ਸਮਰੱਥਾ ਕਿੰਨੀ ਕੁ ਹੈ। ਸਿਆਣੇ, ਸੰਜੀਦਾ, ਪੜ੍ਹਨ-ਲਿਖਣ ਵਾਲੇ ਪੱਤਰਕਾਰਤਾ ਦੇ ਖੇਤਰ 'ਚੋਂ ਬਾਹਰ ਹੋਣ ਲੱਗੇ ਤੇ ਪ੍ਰਾਪਰਟੀ ਡੀਲਰ-ਬੀਮਾ ਏਜੰਟ, ਨਸ਼ਿਆਂ ਦਾ ਕਾਰੋਬਾਰ ਕਰਨਵਾਲੇ, ਹੇਠਲੀ ਪੱਧਰ ਦੇ ਰਾਜਨੀਤਕ ਕਾਰਕੁੰਨ ਤੇ ਟਰੇਡ ਯੂਨੀਅਨਾਂ ਦੇ ਭ੍ਰਿਸ਼ਟ ਆਗੂ ਪੱਤਰਕਾਰ ਬਣਨ ਲੱਗੇ।1ਉਸਦਾ(ਪਰਮਪਾਲ) ਵਿਆਹ ਕਰਨ ਦਾ ਮਕਸਦ ਪ੍ਰਿਯੰਕਾ ਦਾ ਅਮੀਰ ਹੋਣਾ ਹੈ। ਇਸ ਵਿਆਹ ਦੇ ਜ਼ਰੀਏ ਉਹ ਸਮਾਜ ਵਿੱਚ ਆਪਣਾ ਨਾਮ ਅਮੀਰ ਲੋਕਾਂ ਵਿੱਚ ਲਿਆਉਣਾ ਚਾਹੁੰਦਾ ਹੈ। ਉਹ ਸਿੱਧੇ-ਪੁੱਠੇ ਕਿਸੇ ਵੀ ਰਾਹ ਤੁਰ ਕੇ ਇਸ ਚਾਹਤ ਨੂੰ ਪੂਰਾ ਕਰਦਾ ਹੈ।

ਪੂੰਜੀ ਜਾਂ ਮੰਡੀ ਦੇਵਰਤਾਰੇ ਦੇ ਪੇਂਡੂ ਸਮਾਜਚਾਰੇ ਵਿੱਚ ਪ੍ਰਵੇਸ਼ ਨੇ ਪਿੰਡਾਂ ਵਿਚਲੀ ਨੈਤਿਕਤਾ ਨੂੰ ਵੀ ਖੋਰਾ ਲਾਇਆ। ਰਿਸ਼ਤਿਆਂ ਦੀ ਹੰਢਣਸਾਰਤਾ 'ਤੇ ਪ੍ਰਸ਼ਨ ਚਿੰਨ ਲਾਇਆ। ਨੌਕਰੀ ਪੇਸ਼ਾ ਵਰਗ ਵਿੱਚ ਵਿਆਹ ਦਾ ਮਹੱਤਵ ਘੱਟ ਗਿਆ, ਹੁਣ ਔਰਤ ਆਪਣੇ ਆਪ ਨੂੰ ਕਿਚਨ ਤੱਕ ਸੀਮਤ ਨਾ ਰੱਖ ਕੇ ਮਰਦ ਦੀ ਬਰਾਬਰੀ ਦਾ ਹੱਕ ਚਾਹੁੰਦੀ ਹੈ। ਇਸ ਬਿਰਤਾਂਤ ਵਿੱਚ ਪ੍ਰਿਯੰਕਾ, ਵੀਨਾ ਅਗਰਵਾਲ, ਅਚਲਾ ਪਾਂਡੇ, ਕਾਂਤਾ ਅਤੇ ਆਸ਼ਾ ਚੰਦਨ ਆਦਿ ਔਰਤ ਪਾਤਰ ਵੱਖ-ਵੱਖ ਭੂਮਿਕਾ ਨਿਭਾਉਂਦੇ ਹਨ। ਪ੍ਰਿਯੰਕਾ ਅਮੀਰ ਪਿਛੋਕੜ ਵਾਲੇ ਮਾ.ਦਲਜੀਤ ਸਿੰਘ ਦੀ ਦੀ ਹੈ ਜਦਕਿ ਪਰਮ ਦੇ ਘਰ ਦੀ ਆਰਥਿਕ ਸਥਿਤੀ ਠੀਕ-ਠਾਕ ਹੈ। ਪ੍ਰਿਯੰਕਾ ਕਾਲਜ ਵਿੱਚ ਐਡਹਾਕ ਤੌਰ 'ਤੇ ਲੈਕਚਰਾਰ ਲੱਗੀ ਹੋਈ ਹੈ। ਇਹਨਾਂ ਦੋਹਾਂ ਦਾ ਵਿਆਹ ਪਰਮ ਦੀ ਹਿਸਾਬੀ ਕਿਤਾਬੀ ਯੋਜਨਾ ਦਾ ਹਿੱਸਾ ਸੀ। ਉਸ ਦੇ ਬਾਪ ਦੀ ਰਾਜਨੀਤਕ ਪਹੁੰਚ ਸਦਕਾ ਉਹ ਆਪਣਾ ਭਵਿੱਖ ਚਮਕਾਉਣਾ ਚਾਹੁੰਦਾ ਸੀ। ਪ੍ਰਿਯੰਕਾ ਅਤੇ ਪਰਮ, ਪਤੀ-ਪਤਨੀ ਹੋਣ ਦੇ ਬਾਵਜੂਦ ਵਿਆਹ ਬਾਹਰੇ ਸੰਬੰਧ ਸਥਾਪਿਤ ਕਰਦੇ ਹਨ। ਪ੍ਰਿਯੰਕਾ ਅਤੇ ਪਰਮ, ਵੀਨਾ ਅਗਰਵਾਲ ਅਤੇ ਸਤੀਸ਼ ਤੇ ਜਗਵਿੰਦਰ ਅਤੇ ਕਾਂਤਾ ਆਦਿ ਪਾਤਰਾਂ ਦੀ ਗ੍ਰਹਿਸਥੀ ਜੀਵਨ ਵਿਚ ਕਲੇਸ਼ ਨੂੰ ਚਿੱਤਰ ਕੇ ਪਰਵਾਨਾ ਅਜੋਕੇ ਯੁੱਗ ਵਿੱਚ ਆਈਡੀਅਲ ਵਿਆਹ ਤੇ ਸਵਾਲੀਆ ਚਿੰਨ ਲਾਉਂਦਾ ਹੈ। ਵੀਨਾ ਤੇ ਪ੍ਰਿਯੰਕਾ ਦੋਵੇਂ ਲਗਭਗ ਇਕੋਂ ਸੁਭਾਅ ਦੀਆਂ ਔਰਤਾਂ ਹਨ। ਵਿਆਹੇ ਹੋਣ ਦੇ ਬਾਵਜੂਦ ਵਿਆਹ ਬਾਹਰੇ ਸੰਬੰਧ ਬਣਾਉਂਦੀਆਂ ਹਨ ਅਤੇ ਜਿਸਮ ਨੂੰ ਪੌੜੀ ਦੀ ਤਰ੍ਹਾਂ ਇਸਤੇਮਾਲ ਕਰਦੀਆਂ ਹਨ। ਆਸ਼ਾ ਚੰਦਨ ਦੇਹ ਦਾ ਧੰਦਾ ਕਰਦੀ ਹੈ। ਉਸ ਦਾ ਤਰਕ ਹੈ ਕਿ " ਸਰੀਰ ਦਾ ਕੀ ਹੈ, ਯਾਰ। ਸੱਠ ਰੁਪਿਆ ਦੀ ਆਉਂਦੀ ਹੈ ਆਈ ਪਿਲਜ਼ ਸੈਵੰਟੀ ਟੂ........

ਨਹਾਓ, ਧੋਵੋ ਤੇ ਉਂਜ ਤਾਜ਼ੇ ਦੇ ਤਾਜ਼ੇ......" 2ਇਹਨਾਂ ਵਿੱਚੋਂ ਅਚਲਾ ਪਾਂਡੇ ਔਰਤ ਦਾ ਨਵਾ ਮਾਡਲ ਸਿਰਜਦੀ ਹੈ ਜੋ ਵਿਆਹ ਦਾ ਸੰਕਲਪ ਤੋੜ ਕੇ ਆਪਣੀ ਮਰਜ਼ੀ ਨਾਲ ਜ਼ਿੰਦਗੀ ਜਿਉਣਾ ਚਾਹੁੰਦੀ ਹੈ। ਹਨੀ ਨਾਲ ਆਪਣੇ ਸੰਬੰਧਾਂ ਬਾਰੇ ਪ੍ਰਿਯੰਕਾ ਨੂੰ ਕਹਿੰਦੀ ਹੈ, " ਉਹ ਤਾਂ ਹੁਣ ਵੀ ਚਾਹੁੰਦਾ। ਪਰ ਮੇਰਾ ਬੜਾ ਸਿੱਧਾ ਸਾਦਾ ਰਾਹ ਹੈ...... ਜੇ ਤਾਂ ਇੰਜ ਦੋਸਤਾਂ ਵਾਂਗ ਰਹਿ ਸਕਦਾ ਹੈ, ਤੇਰਾ ਸਦਾ ਇਸ ਘਰ 'ਚ ਸਵਾਗਤ ਹੈ.... ਆਪਣੀ-ਆਪਣੀ ਜ਼ਿਦਗੀ ਜੀਊਂਦੇ ਹੋਏ, ਇਕ ਦੂਸਰੇ ਦੇ ਵਿਅਕਤੀਤਵ, ਇੱਕ ਦੂਸਰੇ ਦੀ ਹੋਂਦ ਦਾ ਸਤਿਕਾਰ ਕਰਦਿਆਂ ਹੋਇਆਂ ਮਿਲਣਾ....।3 ਮੰਡੀ ਦਾ ਜਲੌਅ ਘਰ 'ਤੇ , ਰਿਸ਼ਤਿਆਂ 'ਤੇ ਹਾਵੀ ਹੋ ਗਿਆ।

ਪਰਵਾਨਾ ਆਪਣੇ ਬਿਰਤਾਂਤ ਰਾਹੀਂ ਪੰਜਾਬ ਦੀ ਖੱਬੇਪੱਖੀ ਲਹਿਰ ਨੂੰ, ਉਸ ਦੇ ਆਗੂਆਂ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਪੇਸ਼ ਕਰਦਾ ਹੈ। ਕਾਮਰੇਡ ਭੀਮ ਸਿੰਘ ਦੇ ਸਰਧਾਂਜਲੀ ਸਮਾਗਮ ਵਿੱਚ ਜਾ ਕੇ ਜਗਵਿੰਦਰ ਸਾਹਮਣੇ ਖੱਬੇਪੱਖੀ ਪਾਰਟੀਆਂ 'ਚ ਆਏ ਨਿਘਾਰ ਦਾ ਸੱਚ ਸਾਹਮਣੇ ਆਉਂਦਾ ਹੈ। ਜਿਸ ਮਕਸਦ ਜਾਂ ਉਦੇਸ਼ ਨਾਲ ਇਹ ਲਹਿਰ ਸ਼ੁਰੂ ਹੀ ਸੀ, ਜਿਹਨਾਂ ਲੋਕਾਂ ਲਈ ਸੰਘਰਸ਼ ਸ਼ੁਰੂ ਕੀਤਾ ਸੀ, ਅੱਜ ਇਹ ਲਹਿਰ ਉਸ ਉਦੇਸ਼ ਤੋਂ ਦੂਰ ਹਨ। ਪਰਵਾਨਾ ਖੱਬੇਪੱਖੀ ਪਾਰਟੀਆਂ 'ਚ ਆਏ ਨਿਘਾਰ ਨੂੰ ਸੰਵਾਦ-ਵਿਧੀ ਰਾਹੀਂ ਅੱਗੇ ਤੋਰਦਾ ਹੈ, " ਮਾਰਕਸਵਾਦ ਦੇ ਨਾਂ 'ਤੇ ਬਣੀਆਂ ਇਹ ਪਾਰਟੀਆਂ, ਅੱਜ ਕਮਿਊਨਿਜ਼ਮ ਲਈ ਸੰਘਰਸ਼ ਦੀ ਬਜਾਏ, ਕੁਰਸੀ 'ਤੇ ਕਾਬਜ਼ ਹੋਣ ਦੀ ਲੜਾਈ ਵੱਧ ਲੜ ਰਹੀਆਂ ਹਨ........। ਇਹਨਾਂ ਦੇ ਸਾਰੇ ਸੁਪਨੇ, ਸਾਰੇ ਸਲੀਕੇ, ਸਾਰੇ ਟਕਰਾਅ ਮੱਧ ਵਰਗੀ ਜਮਾਤ ਦੀ ਪ੍ਰਤੀਨਿਧਤਾ ਕਰਦੇ ਹਨ। ਇਨਕਲਾਬ ਪ੍ਰਤੀ ਇਹਨਾਂ ਦੀ ਬੇਯਕੀਨੀ ਦਾ ਹੀ ਸਿੱਟਾ ਹੈ ਕਿ ਗੁਰਮੇਲ ਆਪਣੀ ਖੁਸ਼ਹਾਲੀ ਲਈ ਕੈਨੇਡਾ ਦਾ ਰਾਹ ਫੜਦਾ ਹੈ.... ਭੀਮ ਸਿੰਘ ਆਪਣੇ ਬੱਚੇ ਸੈਟ ਕਰਨ ਲਈ ਅੰਦਰੋਂ-ਅੰਦਰ ਕਾਂਗਰਸੀ ਵਜੀਰ ਦੇ ਚਰਨ ਫੜੀ ਰਖਦਾ ...... ਜਲਵੰਤ ਸਿੰਘ ਤਾਂ ਹੈ ਧਨੀ ਜਮਾਤ ਦਾ ਬੰਦਾ। ਉਸ 'ਚ ਹੀ ਉਸਦਾ ਬਹਿਣ ਉਠਣ ਹੈ, ਉਸਦਾ ਭਾਈਚਾਰਾ। ਇਹ ਮਜਦੂਰ ਜਮਾਤ ਦੇ ਰਹਿਬਰ ਹੋ ਸਕਦੇ ਹਨ?"4

ਨਾਵਲੀ ਬਿਰਤਾਂਤ ਵਿਚ ਜਗਵਿੰਦਰ, ਪਰਵਾਨੇ ਦੀ ਸੋਚ ਦਾ ਵਾਹਨ ਹੈ। ਜਗਵਿੰਦਰ ਨੇ ਆਪਣੀ ਜ਼ਿੰਦਗੀ ਅਤੇ ਕਿੱਤੇ ਵਿਚ ਖਪਤੀ ਸਭਿਆਚਾਰ ਦਾ ਵਿਰੋਧ ਕੀਤਾ ਹੈ। ਉਸ ਵਿਰੋਧ ਸਦਕਾ ਹੀ ਉਹ ਖੱਬੇਪੱਖੀ ਪਾਰਟੀਆਂ ਤੋਂ ਵੀ ਦੂਰ ਹੁੰਦਾ ਹੈ। ਜਗਵਿੰਦਰ ਅਗਾਂਹਵਧੂ ਵਿਚਾਰਾਂ ਦਾ ਧਾਰਨੀ ਹੈ। ਕਾਂਤਾ ਨਾਲ ਉਸ ਦਾ ਵਿਆਹ ਜ਼ਿਆਦਾ ਸਮਾਂ ਨਹੀਂ ਟਿਕ ਸਕਿਆ। ਤਲਾਕ ਲੈ ਕੇ ਕਾਂਤਾ ਬਾਹਰ ਚਲੀ ਜਾਂਦੀ ਹੈ। ਦੁਬਾਰਾ ਫਿਰ ਵਾਪਸ ਆ ਕੇ ਜਗਵਿੰਦਰ ਨਾਲ ਉਸੇ ਰਿਸ਼ਤੇ ਵਿਚ ਬੱਝਣਾ ਚਾਹੁੰਦੀ ਹੈ ਪਰ ਜਗਵਿੰਦਰ ਇਸ ਦੀ ਹਾਮੀ ਨਹੀਂ ਭਰਦਾ। ਕਾਂਤਾ ਨਾਲ ਟੁੱਟਣ ਮਗਰੋਂ ਅਤੇ 'ਰੋਜਾਨਾ' ਅਖ਼ਬਾਰ ਵਿਚੋਂ ਨਿਕਲਣ ਤੋਂ ਮਗਰੋਂ ਲਗਭਗ ਤਬਾਹੀ ਦੇ ਨੇੜੇ ਖੜ੍ਹਾ ਸੀ। ਸ਼ਰਾਬ ਹਰ ਰੋਜ਼ ਦੀ ਸਾਥਣ ਬਣ ਗਈ ਸੀ। ਰੁਜ਼ਗਾਰ ਦਾ ਕੋਈ ਵਸੀਲਾ ਨਹੀਂ ਸੀ। ਅਜਿਹੇ ਸਮੇਂ ਵਿੱਚ ਕੈਨੇਡਾ ਵਿਚ ਰਹਿੰਦੇ ਹਰਜੀਤ ਗਿੱਲ ਨੇ ਉਸ ਨੂੰ 'ਅਮਰ ਪੰਜਾਬ' ਅਖ਼ਬਾਰਲ ਦੇ ਇੰਡੀਆ ਦਾ ਦਫ਼ਤਰ ਸੰਭਾਲ ਦਿੱਤਾ। ਪਰ ਹਰਜੀਤ ਗਿੱਲ ਵੀ ਬਾਕੀ ਪੱਤਰਕਾਰਾਂ ਵਾਂਗ ਮੁਨਾਫੇ ਤੋਂ ਮੁਕਤ ਨਹੀਂ ਸੀ। ਜਗਵਿੰਦਰ ਨਾਲ ਉਸ ਦੀ ਸੋਚ ਮੇਲ ਨਹੀਂ ਖਾਂਦੀ ਸੀ। ਹਰ ਪਾਸੇ ਆਏ ਨਿਘਾਰ ਤੋਂ

ਲਾਂਭੇ ਹੋ ਕੇ ਅੰਤ ਵਿੱਚ ਉਹ ਸਿੱਧੂਪੁਰ ਪਿੰਡ ਵਿਚ ਆ ਕੇ ਉਥੇ ਹੀ ਵਸਣ ਦਾ ਮਨ ਬਣਾਉਂਦਾ ਹੈ ਇਥੇ ਆ ਕੇ ਉਸ ਨੂੰ ਕੁਦਰਤ ਦੀ ਤਬਾਹੀ ਦਾ ਆਲਮ ਮਹਿਸੂਸ ਹੋਇਆ। ਖਪਤੀ ਸਭਿਆਚਾਰ ਮਨੁੱਖੀ ਜ਼ਿੰਦਗੀ ਦੀ ਸਹਿਜਤਾ ਨੂੰ ਭੰਗ ਕਰ ਰਿਹਾ ਹੈ। ਮਨੁੱਖ ਵਿੱਚ ਸੁੱਖ ਸਹੂਲਤਾਂ ਨੂੰ ਭੋਗਣ ਤੇ ਕਬਜੇ ਦੀ ਲਾਲਸਾ ਵਧਾ ਦਿੰਦਾ ਹੈ। ਲਾਲਸਾ ਪੁਰਾਤਨ ਯੁੱਗ ਤੋਂ ਲੈ ਕੇ ਹੁਣ ਸਮਕਾਲ ਤੱਕ ਵੱਖਰੇ-ਵੱਖਰੇ ਰੂਪਾਂ ਵਿ4ਚ ਕਾਰਜਸ਼ੀਲ ਰਹੀ ਹੈ। ਲੇਖਕ ਮਾਡੇ ਸਮਾਜ ਦੀ ਸਮਾਜਕ, ਆਰਥਿਕ, ਸਭਿਆਚਾਰਕ ਅਤੇ ਮਾਨਵ ਵਿਕਾਸ ਦੀ ਯਾਤਰਾ ਨੂੰ ਸਮਝਣ ਲਈ ਸਭ ਤੋਂ ਪਹਿਲੇ ਰਚੇ ਗਏ ਗ੍ਰੰਥ ਰਿਗਵੇਦ ਦਾ ਸਹਾਰਾ ਲੈਂਦਾ ਹੈ। ਨਾਵਲ ਵਿਚ ਜਗਵਿੰਦਰ, ਕਾਮਰੇਡ ਸ਼ਮਸ਼ੇਰ ਨੂੰ ਸੰਬੋਧਿਤ ਹੈ, " ਇਹ ਤਾਂ ਆਪਣੀਆਂ ਜੜ੍ਹਾਂ ਦੀ ਤਲਾਸ਼ ਹੈ। ਇਸ ਖਿੱਤੇ 'ਚ ਮਾਨਵ-ਵਿਕਾਸ ਦੀ ਯਾਤਰਾ ਨੂੰ ਸਮਝਣ ਦਾ ਯਤਨ.... ਇਹ ਇਥੇ ਹੀ ਕਿਤੇ ਰਚਿਆ ਗਿਆ ਸੀ..... ਸ਼ਾਇਦ ਇਸਦੇ ਕਿਸੇ ਮੂਕਤ ਦਾ ਰਚਣਹਾਰਾ ਕੋਈ ਰਿਸ਼ੀ, ਕੋਈ ਗਣ ਇਥੇ ਹੀ ਵਿਚਰਦਾ ਹੋਵੇ, ਬਿਲਕੁਲ ਇਸ ਥਾਂ ਜਿਥੇ ਅਸੀਂ ਰਹਿ ਰਹੇ ਹਾਂ..... ਇਹ ਪੰਜਾਬ ਦੀ ਧਰਤੀ ਦਾ ਚਿਤਰਣ ਹੈ.... ਇਹ ਪੜ੍ਹਦਿਆਂ ਮੈਨੂੰ .... ਇਹ ਸਮਝ 'ਚ ਆਆ ਹੈ ਕਿ ਪਰਿਵਾਰ, ਜਾਇਦਾਦ ਦੇ ਇਥੇ ਮੁਢਲੇ ਰੂਪ ਕਿਹੋ ਜਿਹੇ ਸਨ? ਕਿਵੇਂ ਇਥੇ ਕਬਾਇਲੀ ਸਮਾਜ ਦੀਆਂ ਆਦਮ ਰਵਾਇਤਾਂ, ਪਰੰਪਰਾਵਾਂ ਨੂੰ ਤੋੜ ਕੇ, ਉਹਨਾਂ ਦੀ ਵਿੰਭਿਨਤਾ ਨੂੰ ਤਬਾਹ ਕਰਕੇ ਰਾਜ, ਪਰਿਵਾਰ, ਸੰਸਥਾਗਤ ਧਰਮ ਦੇ ਮੁਢਲੇ ਬੀਜ ਬੀਜੇ ਗਏ। ਇਥੇ ਸੱਤਾ ਤੇ ਵਿਚਾਰਧਾਰਾ ਕਿਵੇਂ ਸ਼ੁਰੂ ਹੋਈਆਂ, ਇਸ ਦਾ ਖੂਬਸੂਰਤ ਚਿਤਰਣ ਹੈ ਇਸ ਵਿਚ... ਤੇ ਇਹ ਵੀ ਕਿਹਰ ਸੱਤਾ ਇਕ ਵਿਚਾਰਧਾਰਾ ਹੁੰਦੀ ਹੈ, ਤੇ ਹਰ ਵਿਚਾਰਧਾਰਾ ਇਕ ਸੱਤਾ ਨੂੰ ਉਸਾਰਦੀ ਹੈ। ਦੋਵੇਂ ਇਕ ਦੂਸਰੀ ਨਾਲ ਅੰਤਰ ਸੰਬੰਧਿਤ ਹੁੰਦੀਆਂ ਹਨ। ...... ਇਹ ਅੰਧ-ਸ਼ਰਧਾ ਦਾ ਗਰੰਥ ਨਹੀਂ, ਇਸ ਖਿੱਤੇ ਦੀ ਸਮਾਜਕ, ਆਰਥਕ, ਸਭਿਆਚਾਰਕ ਬਣਤਰ ਤੇ ਮਾਨਵ ਵਿਕਾਸਲ ਦੀ ਯਾਤਰਾ ਨੂੰ ਸਮਝਣ ਦੀ ਮਹਾਨ ਕੁੰਜੀ ਹੈ...।"5 ਪਰਵਾਨੇ ਨੂੰ ਹਰ ਪਾਸੇ ਖਲਾਅ ਨਜ਼ਰ ਆਉਂਦਾ ਹੈ। ਅਜਿਹੇ ਖਲਾਅ ਤੋਂ ਮੁਕਤ ਹੋਣ ਲਈ ਲੇਖਕ ਆਪਣੇ ਪਾਤਰ ਜਗਵਿੰਦਰ ਨੂੰ ਸ਼ਹਿਰ ਤੋਂ ਪਿੰਡ ਵਸਾਉਂਦਾ ਹੈ। ਜਗਵਿੰਦਰ ਉਥੇ ' ਗਿੰਦਰ ਆਸ਼ਰਮ ' ਸਥਾਪਿਤ ਕਰਦਾ ਹੈ। ਬੱਚਿਆਂ ਨੂੰ ਪੜਾਉਂਦਾ ਹੈ। ਛੁੱਟੀਆਂ ਵਿੱਚ ਅਚਲਾ ਪਾਂਡੇ ਵੀ ਉਸ ਦਾ ਸਾਥ ਦਿੰਦੀ ਹੈ। ਅਧਿਐਨ ਕਰਨ ਲਈ ਆਸ਼ਰਮ ਵਿਚ ਲਾਇਬ੍ਰੇਰੀ ਦੀ ਸਹੂਲਤ ਹੈ ਅਤੇ ਬਾਹਰਲੇ ਸੰਸਾਰ ਬਾਰੇ ਜਾਨਣ ਲਈ ਇੰਟਰਨੈਟ ਹੈ। ਸੋ ਉਪਰੋਕਤ ਨਾਵਲ ਵਿਚ ਲੇਖਕ ਨੇ ਇਸ ਯੁੱਗ ਦੀ ਕਥਾ ਨੂੰ ਪੇਸ਼ ਕਰਦਿਆਂ ਇਹ ਚਿੰਤਾ ਜਾਹਰ ਕੀਤੀ ਹੈ ਕਿ ਅਜੋਂਕਾ ਮਨੁੱਖ ਲਗਾਤਾਰ ਮੀਡੀਆ ਤੋਂ ਸੇਧ ਲੈ ਰਿਹਾ ਹੈ ਅਤੇ ਆਪਣੀ ਜ਼ਿੰਦਗੀ ਦੀ ਸਹਿਜਤਾ ਨੂੰ ਭੰਗ ਕਰ ਰਿਹਾ ਹੈ। ਅਜਿਹੇ ਸਿਸਟਮ ਦੇ ਖਿਲਾਫ ਲੇਖਕ ਮਨੁੱਖ ਨੂੰ ਕੁਦਰਤ ਵੱਲ ਵਾਪਸੀ ਦਾ ਦੁਬਾਰਾ ਸੰਕੇਤ ਦਿੰਦਾ ਹੈ। ਅਜੌਂਕੇ ਮਸਲੇ ਦਾ ਹੱਲ ਲੇਖਕ ਕੁਦਰਤ ਦੀ ਸ਼ਰਨ ਵਿੱਚ ਲੱਭਦਾ ਹੈ। ਲੇਖਕ ਚਿੰਤਾ ਪ੍ਰਗਟ ਕਰਦਾ ਹੈ ਕਿ ਜੇ ਮੀਡੀਆ ਦਾ ਵਹਿਣ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਮਨੁੱਖਤਾ ਦੀ ਕੀ ਹੋਣੀ ਹੋਵੇਗੀ ? ਇਹੀ ਇਸੇ ਨਾਵਲ ਦੀ ਪ੍ਰਾਪਤੀ ਹੈ।

## References

**[1]** ਬਲਬੀਰ ਪਰਵਾਨਾ, ਕਥਾ ਇਸ ਯੁੱਗ ਦੀ, ਪੰਨਾ- - 43

**[2]** ਉਹੀ, ਪੰਨਾ- - 46

**[3]** ਉਹੀ, ਪੰਨਾ- 37

**[4]** ਉਹੀ, ਪੰਨਾ- 161

**[5]** ਉਹੀ, ਪੰਨਾ- 150